ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
ਐਟ ਪੰ.ਸ.ਸਿੱ.ਬੋਰਡ ਕੰਪਲੈਕਸ, ਫੇਜ਼-VIII, ਐਸ.ਏ.ਐਸ. ਨਗਰ।
(ਕੋਆਰਡੀਨੇਸ਼ਨ ਸ਼ਾਖਾ)
(email. dpise.coordination@punjabeducation.gov.in)

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐਸਿ), ਪੰਜਾਬ।

ਮੀਮੋ ਨੰ. 555572/DPISE/3/2023/Coordination/ 2023322937-938
ਮਿਤੀ 06-12-2023

ਵਿਸ਼ਾ:- ਸਮੂਹ ਸਰਕਾਰੀ/ਸਹਾਇਤਾਂ ਪ੍ਰਾਪਤ/ ਪ੍ਰਾਇਵੇਟ ਸਕੂਲਾਂ ਦੇ ਵੋਟ ਲਈ ਯੋਗ ਵਿਦਿਆਰਥੀਆਂ ਦੀ ਵੋਟ ਬਣਾਉਣ ਸਬੰਧੀ।

1.0 ਉਪਰੋਕਤ ਵਿਸ਼ੇ ਸਬੰਧੀ ਮੁੱਖ ਚੋਣ ਅਫਸਰ, ਪੰਜਾਬ ਨਾਲ ਮਿਤੀ 07.11.2023 ਨੂੰ ਹੋਈ ਮੀਟਿੰਗ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਸਮੂਹ ਸਰਕਾਰੀ/ਸਹਾਇਤਾਂ ਪ੍ਰਾਪਤ/ ਪ੍ਰਾਇਵੇਟ ਸਕੂਲਾਂ ਦੇ ਵੋਟ ਲਈ ਯੋਗ ਵਿਦਿਆਰਥੀਆਂ ਦੀ ਵੋਟ ਬਣਵਾਈ ਜਾਣੀ ਹੈ।

2.0 ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਮੂਹ ਸਰਕਾਰੀ/ਸਹਾਇਤਾਂ ਪ੍ਰਾਪਤ/ਪ੍ਰਾਇਵੇਟ ਸਕੂਲਾਂ ਦੇ ਉਹ ਵਿਦਿਆਰਥੀ ਜਿਹਨਾਂ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੈ, ਦੀ ਵੋਟ ਬਣਾਉਣੀ ਯਕੀਨੀ ਬਣਾਈ ਜਾਵੇ। ਜਿਸ ਲਈ ਫਾਰਮ ਨੰ. 6 Election Commission ਦੀ ਵੈਬਸਾਈਟ ਜਾਂ ਬੀ.ਐਲ.ਓ. ਤੋਂ ਪ੍ਰਾਪਤ ਕਰਕੇ ਸਬੰਧਤ ਵਿਦਿਆਰਥੀ ਤੋਂ ਭਰਵਾ ਕੇ ਜਮ੍ਹਾਂ ਕਰਵਾਏ ਜਾਣ। ਇਸੇ ਤਰ੍ਹਾਂ ਹੀ ਜਿਹੜੇ ਵਿਦਿਆਰਥੀ ਦੀ ਉਮਰ 17 ਸਾਲ ਜਾਂ 17 ਸਾਲ ਤੋਂ ਵੱਧ ਅਤੇ 18 ਸਾਲ ਤੋਂ ਘੱਟ ਹੈ, ਦੀ ਵੀ ਐਡਵਾਂਸ ਵਿੱਚ ਵੋਟ ਬਣਾਉਣ ਦੀ ਸੁਵਿਧਾ ਉਪਲਬੱਧ ਹੈ।

3.0 ਆਪਣੇ ਜਿਲ੍ਹੇ ਦੇ ਐਮ.ਆਈ.ਆਈ. ਵਿੰਗ ਨਾਲ ਰਾਬਤਾ ਕਾਇਮ ਕਰਕੇ 17 ਸਾਲ ਤੋਂ ਵੱਧ ਉਮਰ ਦੇ ਵਿਦਿਆਰਥੀਆਂ ਦੀ ਲਿਸਟ ਪ੍ਰਾਪਤ ਕਰਕੇ ਸਕੂਲਾਂ ਨਾਲ ਸਾਂਝੀ ਕੀਤੀ ਜਾਵੇ।

4.0 ਸਕੂਲ ਵਿੱਚ ਵੋਟ ਜਾਗਰੂਕਤਾ ਗਤੀਵਿਧੀਆਂ ਲਈ NSS ਤੇ NCC ਦੇ Volunteers ਨੂੰ engage ਕੀਤਾ ਜਾਵੇ।

5.0 ਜਿਨ੍ਹਾਂ ਵਿਦਿਆਰਥੀਆਂ ਦੀ ਵੋਟ ਬਣ ਗਈ ਹੈ, ਦੀ ਗਿਣਤੀ ਮਿਤੀ 07.12.2023 ਤੱਕ ਭੇਜੀ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਮਿਤੀ 08.12.2023 ਤੱਕ ਸਾਰੇ ਯੋਗ ਵਿਦਿਆਰਥੀਆਂ ਦੀ ਵੋਟ ਬਣ ਜਾਵੇ। ਸਮੂਹ ਸਕੂਲ ਮੁੱਖੀਆਂ ਤੋਂ ਇਸ ਸਬੰਧੀ ਮਿਤੀ 09.12.2023 ਤੱਕ ਸਰਟੀਫਿਕੇਟ ਲਿਆ ਜਾਵੇ ਕਿ ਸਾਰੇ 18 ਸਾਲ ਦੀ ਉਮਰ ਦੇ ਵਿਦਿਆਰਥੀਆਂ ਦੀ ਵੋਟ ਬਣ ਚੁੱਕੀ ਹੈ। ਇਸੇ ਤਰ੍ਹਾਂ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ ਵੱਲੋਂ ਮਿਤੀ 11.12.2023 ਤੱਕ ਇਹ ਸਰਟੀਫਿਕੇਟ ਈ ਮੇਲ dpise.coordination@punjab.gov.in ਰਾਹੀਂ ਮੁੱਖ ਦਫਤਰ ਨੂੰ ਦਿੱਤਾ ਜਾਵੇ ਕਿ ਉਸਦੇ ਜਿਲ੍ਹੇ ਵਿੱਚ ਸਾਰੇ ਸਰਕਾਰੀ/ਸਹਾਇਤਾਂ ਪ੍ਰਾਪਤ/ ਪ੍ਰਾਇਵੈਟ ਸਕੂਲਾਂ ਦੇ 18 ਸਾਲ ਦੀ ਉਮਰ ਦੇ ਵਿਦਿਆਰਥੀਆਂ ਦੀ ਵੋਟ ਬਣ ਚੁੱਕੀ ਹੈ।

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

ਪਿੱ.ਅੰ. ਨੰ. ਉਕਤ/2023322939 ਮਿਤੀ 06-12-2023

ਉਤਾਰਾ ਮੁੱਖ ਚੋਣ ਅਫਸਰ, ਪੰਜਾਬ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)